Website ਲਈ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:),ਪੰਜਾਬ
ਚੌਥੀ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ ਨਗਰ
(ਵਜੀਫਾ ਸ਼ਾਖਾ)

ਵੱਲ

ਸਮੂਹ ਮੰਡਲ ਸਿੱਖਿਆ ਅਫਸਰ,
ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:),
ਸਮੂਹ ਸਕੂਲ ਮੁੱਖੀ/ਪ੍ਰਿੰਸੀਪਲ

ਮੀਮੋ ਨੰ: 7/6-2017 ਵਜੀਫਾ(6)
ਮਿਤੀ: 17-07-2017

ਵਿਸ਼ਾ:- ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਸਾਲ 2017-18 ਲਈ ਨੈਸ਼ਨਲ ਸਕਾਲਰਸ਼ਿਪ ਪੋਰਟਲ(**www.scholarships.gov.in**) ਤੇ ਅਪਲਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਸਰਕਾਰ, ਭਲਾਈ ਵਿਭਾਗ ਵੱਲੋਂ ਪ੍ਰਾਪਤ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਆਪ ਆਪਣੇ ਜਿਲ੍ਹੇ ਦੇ ਸਰਕਾਰੀ//ਗੈਰ ਸਰਕਾਰੀ ਮਾਨਤਾ ਪ੍ਰਾਪਤ ਸੀਨੀਅਰ ਸੈਕੰਡਰੀ ਸਕੂਲਾਂ/ਕਾਲਜਾਂ/ਯੂਨੀਵਰਸਿਟੀਆਂ ਸਮੇਤ ਰਿਹਾਇਸ਼ੀ ਸੰਸਥਾਵਾਂ, ਪੋਲੀਟੈਕਨਿਕ ਕਾਲਜ, ਆਈ.ਟੀ.ਆਈਜ਼, ਉਦਯੋਗਿਕ ਸਿਖਲਾਈ ਸੈਂਟਰ ਜ਼ੋ ਕਿ ਐਨ.ਸੀ.ਵੀ.ਟੀ ਵੱਲੋਂ ਮਾਨਤਾ ਪ੍ਰਾਪਤ, ਸਮਰੱਥ ਅਧਿਕਾਰੀ ਵੱਲੋਂ ਪ੍ਰਵਾਨਤ ਹੋਣ, ਵਿੱਚ ਪੜ ਰਹੇ ਘੱਟ ਗਿਣਤੀ ਵਰਗ(ਸਿੱਖ, ਮੁਸਲਿਮ, ਇਸਾਈ, ਬੋਧੀ, ਪਾਰਸੀ ਅਤੇ ਜੈਨ) ਦੇ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਵਿਦਿਅਕ ਸੈਸ਼ਨ 2017-18 ਲਈ ਤਜਵੀਜ ਨਾਲ ਨੱਥੀ ਹਦਾਇਤਾਂ ਅਨੁਸਾਰ ਹੇਠ ਲਿਖੇ ਸ਼ਡਿਊਲ ਅਨੁਸਾਰ ਆਨ-ਲਾਈਨ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਭੇਜੀਆਂ ਜਾਣ।

**Last Date for Renewal Applications- 31.07.2017**
**Last Date for New Applications- 31.08.2017**

ਨੋਟ:-

1. ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਸਾਲ 2016-17 ਦੌਰਾਨ ਜ਼ੋ **login-id** ਮੁਹੱਈਆ ਕਰਵਾਇਆ ਗਿਆ ਸੀ, ਉਸੇ **login-id** ਤੋਂ ਹੀ ਮੁੜ ਤੋਂ ਇਸ ਸਾਲ 2017-18 ਦੌਰਾਨ ਪ੍ਰੀ-ਮੈਟ੍ਰਿਕ ਅਤੇ ਪੋਸਟ ਮੈਟ੍ਰਿਕ ਮਨਿਓਰਿਟੀ ਸਕਾਲਰਸ਼ਿਪ ਸਕੀਮ ਲਈ ਅਪਲਾਈ ਕਰਨਾ ਹੈ। ਜੇਕਰ ਕਿਸੇ ਸਕੂਲ/ਸੰਸਥਾ ਦੀ **login-id portal** ਤੇ ਕੰਮ ਨਹੀਂ ਕਰ ਰਹੀ ਹੈ, ਤਾਂ ਉਸ ਦਾ **Password Reset** ਕਰਵਾਉਣ ਲਈ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:) ਦੇ ਦਫਤਰ ਵਿਖੇ ਸੰਪਰਕ ਕੀਤਾ ਜਾਵੇ।

2. **Application format** ਅਤੇ ਹੋਰ ਸਬੰਧਤ ਜਾਣਕਾਰੀ ਲਈ:-

   **Queries/Clarification** ਲਈ ਵੈਬਸਾਈਟ **www.minorityaffairs.gov.in** ਅਤੇ

   ਨਵੀਆਂ ਰਜਿਸਟ੍ਰੇਸ਼ਨਜ ਲਈ ਈ-ਮੇਲ ਆਈ.ਡੀ **postmatricpunjab@gmail.com**

   ਜਾਂ **TOLL FREE NUMBER- 1800-137-0015** ਤੇ ਸੰਪਰਕ ਕੀਤਾ ਜਾਵੇ।

ਨੱਥੀ: ਸਕੀਮ ਦੀਆਂ ਹਦਾਇਤਾਂ

(signature) 17/7/17

ਵਿਸ਼ੇਸ਼ ਕਾਰਜ ਅਫਸਰ(ਵਜੀਫਾ)

ਪੰਜਾਬ ਸਰਕਾਰ, ਭਲਾਈ ਵਿਭਾਗ,
(ਡਾਇਰੈਕਟੋਰੇਟ, ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ, ਭਲਾਈ ਵਿਭਾਗ)
ਐਸ.ਸੀ.ਓ. ਨੰਬਰ:148-49, ਸੈਕਟਰ: 34-ਏ, ਚੰਡੀਗੜ੍ਹ।

ਕੈਪਟਨ ਅਮਰਿੰਦਰ ਸਿੰਘ,
ਮੁੱਖ ਮੰਤਰੀ

ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ - 2017-18

ਆਖਰੀ ਮਿਤੀ: 31.08.2017 (ਨਵੀਂ ਦਰਖਾਸਤਾਂ ਵਾਸਤੇ)
ਆਖਰੀ ਮਿਤੀ: 31.07.2017 (ਰਿਨਿਊਲ ਦਰਖਾਸਤਾਂ ਵਾਸਤੇ)

ਘੱਟ ਗਿਣਤੀ ਵਰਗ (ਸਿੱਖ, ਮੁਸਲਿਮ, ਇਸਾਈ, ਬੋਧੀ, ਪਾਰਸੀ ਅਤੇ ਜੈਨ) ਨਾਲ ਸਬੰਧਤ ਸਰਕਾਰੀ/ਗੈਰ ਸਰਕਾਰੀ ਮਾਨਤਾ ਪ੍ਰਾਪਤ ਸੀਨੀਅਰ ਸੈਕੰਡਰੀ ਸਕੂਲਾਂ/ਕਾਲਜਾਂ/ਯੂਨੀਵਰਸਿਟੀਜ ਸਮੇਤ ਰਿਹਾਇਸ਼ੀ ਸੰਸਥਾਵਾਂ, ਪਾਲਿਟੈਕਨਿਕ ਕਾਲਜ, ਆਈ.ਟੀ.ਆਈਜ, ਉਦਯੋਗਿਕ ਸਿਖਲਾਈ ਸੈਂਟਰ ਜੋ ਕਿ ਐਨ.ਸੀ.ਵੀ.ਟੀ. ਵਲੋਂ ਮਾਨਤਾ ਪ੍ਰਾਪਤ, ਸਮਰੱਥ ਅਧਿਕਾਰੀ ਵਲੋਂ ਪ੍ਰਵਾਨਤ ਹੋਣ, ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਵਿਦਿਅਕ ਸ਼ੈਸ਼ਨ 2017-18 ਦੌਰਾਨ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਸਕਾਲਰਸ਼ਿਪ ਦੇਣ ਲਈ ਆਨ-ਲਾਈਨ ਦਰਖਾਸਤਾਂ www.scholarships.gov.in. ਵੈਬ-ਸਾਈਟ ਤੇ ਮੰਗੀਆਂ ਜਾਂਦੀਆਂ ਹਨ।

**ਸਕਾਲਰਸ਼ਿਪ ਦੇਣ ਸਬੰਧੀ ਯੋਗਤਾ ਦਾ ਮਾਪ-ਦੰਡ/ਸ਼ਰਤਾਂ**

1) ਵਿਦਿਆਰਥੀ ਦੇ ਮਾਪਿਆਂ ਦੀ ਸਲਾਨਾ ਆਮਦਨ 2.00 ਲੱਖ ਰੁਪਏ ਤੋਂ ਵੱਧ ਨਾ ਹੋਵੇ;
2) ਪੂਰਵਲੀ ਪ੍ਰੀਖਿਆ ਵਿੱਚ ਘੱਟ ਤੋਂ ਘੱਟ 50% ਨੰਬਰ ਪ੍ਰਾਪਤ ਵਿਦਿਆਰਥੀ ਨੂੰ ਹੀ ਸਕਾਲਰਸ਼ਿਪ ਮਿਲੇਗਾ ;
3) ਇੱਕ ਪਰਵਾਰ ਦੇ ਦੋ ਤੋਂ ਵੱਧ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਨਹੀਂ ਦਿੱਤਾ ਜਾਵੇਗਾ;
4) ਇਸ ਸਕੀਮ ਅਧੀਨ ਸਕਾਲਰਸ਼ਿਪ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਪੰਜਾਬ ਸਰਕਾਰ ਜਾਂ ਭਾਰਤ ਸਰਕਾਰ ਦੀ ਕਿਸੇ ਵੀ ਹੋਰ ਸਕੀਮ ਅਧੀਨ ਅਜਿਹਾ ਲਾਭ ਪ੍ਰਾਪਤ ਨਹੀਂ ਕਰੇਗਾ;
5) ਵਿਦਿਆਰਥੀ ਪੰਜਾਬ ਰਾਜ ਦਾ ਵਸਨੀਕ ਹੋਵੇ ਅਤੇ ਰੈਗੂਲਰ ਤੌਰ ਤੇ ਪੜ੍ਹ ਰਿਹਾ ਹੋਵੇ;
6) ਰਿਨਿਊਅਲ ਸਕਾਲਰਸ਼ਿਪ ਲੈਣ ਲਈ ਉਹ ਵਿਦਿਆਰਥੀ ਹੱਕਦਾਰ ਹੋਣਗੇ ਜਿਨ੍ਹਾਂ ਨੇ ਪੂਰਵਲੇ ਇਮਤਿਹਾਨ ਵਿੱਚ ਘੱਟ ਤੋਂ ਘੱਟ 50% ਨੰਬਰ ਪ੍ਰਾਪਤ ਕੀਤੇ ਹੋਣ;
7) ਆਮਦਨ ਸਰਟੀਫਿਕੇਟ ਸਬੰਧੀ ਸਵੈ-ਰੁਜ਼ਗਾਰ ਮਾਪੇ/ਸਰਪ੍ਰਸਤ ਆਮਦਨ ਸਬੰਧੀ ਨਾਨ-ਜੁਡੀਸ਼ੀਅਲ ਸਟੈਂਪ ਪੇਪਰ ਤੇ ਬਿਆਨ ਹਲਫੀਆ ਦੀ ਸ਼ਕਲ ਵਿੱਚ ਸੈਲਫ ਸਰਟੀਫਿਕੇਸ਼ਨ ਦੇ ਸਕਦਾ ਹੈ ਅਤੇ ਨੌਕਰੀ ਕਰਨ ਵਾਲੇ ਮਾਪੇ/ਸਰਪ੍ਰਸਤ ਨਿਯੁਕਤੀ ਕਰਤਾ ਅਧਿਕਾਰੀ ਵਲੋਂ ਜਾਰੀ ਕੀਤਾ ਆਮਦਨ ਸਰਟੀਫਿਕੇਟ ਪੇਸ਼ ਕਰਨਗੇ।

**ਸਕਾਲਰਸ਼ਿਪ ਦੇ ਰੇਟ**

| ਲੜੀ ਨੰ: | ਕੋਰਸ ਦਾ ਵੇਰਵਾ | ਹੋਸਟਲਰ ਲਈ ਵਜ਼ੀਫਾ | ਡੇ-ਸਕਾਲਰ ਲਈ ਵਜ਼ੀਫਾ |
|---|---|---|---|
| 1. | 11ਵੀਂ ਅਤੇ 12ਵੀਂ ਕਲਾਸਾਂ ਵਾਸਤੇ ਦਾਖਲਾ ਅਤੇ ਟਿਊਸ਼ਨ ਫੀਸ | ਅਸਲ ਜਾਂ ਵੱਧ ਤੋਂ ਵੱਧ 7000/- ਰੁਪਏ ਸਲਾਨਾ | ਅਸਲ ਜਾਂ ਵੱਧ ਤੋਂ ਵੱਧ 7000/- ਰੁਪਏ ਸਲਾਨਾ |
| 2. | 11ਵੀਂ ਅਤੇ 12ਵੀਂ ਪੱਧਰ ਦੇ ਤਕਨੀਕੀ ਵੋਕੇਸ਼ਨਲ ਕੋਰਸਾਂ ਕਲਾਸਾਂ ਵਾਸਤੇ ਦਾਖਲਾ ਅਤੇ ਟਿਊਸ਼ਨ/ਕੋਰਸ ਫੀਸ (ਸਮੇਤ ਪੜ੍ਹਾਈ ਦੀ ਸਮੱਗਰੀ ਦਾ ਖਰਚਾ | ਅਸਲ ਜਾਂ ਵੱਧ ਤੋਂ ਵੱਧ 10,000/- ਰੁਪਏ ਸਲਾਨਾ | ਅਸਲ ਜਾਂ ਵੱਧ ਤੋਂ ਵੱਧ 10,000/- ਰੁਪਏ ਸਲਾਨਾ |
| 3. | ਅੰਡਰ ਗਰੈਜੂਏਟ/ਪੋਸਟ ਗਰੈਜੂਏਟ ਵਾਸਤੇ ਦਾਖਲਾ ਅਤੇ ਟਿਊਸ਼ਨ ਫੀਸ | ਅਸਲ ਜਾਂ ਵੱਧ ਤੋਂ ਵੱਧ 3000/- ਰੁਪਏ ਸਲਾਨਾ | ਅਸਲ ਜਾਂ ਵੱਧ ਤੋਂ ਵੱਧ 3000/- ਰੁਪਏ ਸਲਾਨਾ |

| | | | |
|---|---|---|---|
| 4. | ਮੇਨਟੇਨੈਂਸ ਅਲਾਊਂਸ (ਸਕਾਲਰਸ਼ਿਪ) ਇੱਕ ਵਿਦਿਅਕ ਸ਼ੈਸ਼ਨ ਵਿੱਚ 1● ਮਹੀਨਿਆਂ ਵਾਸਤੇ (ਸਮੇਤ ਪੜ੍ਹਾਈ ਦੀ ਸਮੱਗਰੀ ਦਾ ਖਰਚਾ) | | |
| | ਂ) 11ਵੀਂ ਅਤੇ 12ਵੀਂ ਸਮੇਤ ਇਸ ਪੱਧਰ ਦੇ ਤਕਨੀਕੀ ਵੋਕੇਸ਼ਨਲ ਕੋਰਸ | 38●/- ਰੁਪਏ ਪ੍ਰਤੀ ਮਹੀਨਾ | 23●/- ਰੁਪਏ ਪ੍ਰਤੀ ਮਹੀਨਾ |
| | ਂਂ) ਟੈਕਨੀਕਲ ਅਤੇ ਪ੍ਰੋਫੈਸ਼ਨਲ ਕੋਰਸਾਂ ਤੋਂ ਇਲਾਵਾ ਅੰਡਰ ਗਰੈਜੂਏਟ/ਪੋਸਟ ਗਰੈਜੂਏਟ | 57●/- ਰੁਪਏ ਪ੍ਰਤੀ ਮਹੀਨਾ | 3●●/- ਰੁਪਏ ਪ੍ਰਤੀ ਮਹੀਨਾ |
| | ਂਂਂ) ਐਮ.ਫਿੱਲ ਅਤੇ ਪੀਐਚ.ਡੀ. (ਉਨ੍ਹਾਂ ਰਿਸਰਚਰਜ ਲਈ ਜਿਨ੍ਹਾਂ ਨੂੰ ਕਿਸੇ ਵੀ ਯੂਨੀਵਰਸਿਟੀ ਜਾਂ ਅਥਾਰਟੀ ਵਲੋਂ ਫੈਲੋਸ਼ਿਪ ਨਾ ਮਿਲੀ ਹੋਵੇ) | 12●●/- ਰੁਪਏ ਪ੍ਰਤੀ ਮਹੀਨਾ | 55●/- ਰੁਪਏ ਪ੍ਰਤੀ ਮਹੀਨਾ |

**ਫਰੈਸ਼ (ਨਵੇਂ)/ਰਿਨਿਊਅਲ ਦਰਖਾਸਤਾਂ ਸਬੰਧੀ ਸਮਾਂ-ਸੀਮਾ**

ਫਰੈਸ਼ (ਨਵੇਂ) ਵਿਦਿਆਰਥੀਆਂ ਵਲੋਂ ਆਨ-ਲਾਈਨ ਦਰਖਾਸਤਾਂ ਭੇਜਣ ਦੀ ਆਖਰੀ ਮਿਤੀ 31.●8.2●17 ਅਤੇ ਰਿਨਿਊਅਲ ਵਿਦਿਆਰਥੀਆਂ ਵਲੋਂ ਆਨ-ਲਾਈਨ ਦਰਖਾਸਤਾਂ ਭੇਜਣ ਦੀ ਆਖਰੀ ਮਿਤੀ 31.●7.2●17 ਹੈ ।

**ਅਪਲਾਈ ਕਰਨ ਦੀ ਵਿਧੀ**

ੳ) ਯੋਗ ਵਿਦਿਆਰਥੀ ਵੈਬ-ਸਾਈਟ www.scholarships.gov.in. ਤੇ ਆਨ ਲਾਈਨ ਅਪਲਾਈ ਕਰ ਸਕਦੇ ਹਨ। ਵਿਦਿਆਰਥੀ ਆਪਣੇ ਸਕੂਲ/ਕਾਲਜ/ਸੰਸਥਾ ਨੂੰ ਆਨ-ਲਾਈਨ ਦਰਖਾਸਤ ਭੇਜਣਗੇ ਅਤੇ ਫਰੈਸ਼ ਵਿਦਿਆਰਥੀ ਉਸ ਦਾ ਪ੍ਰਿੰਟ ਲੈਣਗੇ। ਇਹ ਪ੍ਰਿੰਟ ਸਮੇਤ ਲੋੜੀਂਦੇ ਦਸਤਾਵੇਜ (ਜਿਵੇਂ ਪ੍ਰਿੰਟ-ਆਊਟ ਵਿੱਚ ਦਰਜ ਹੈ) ਸਬੰਧਤ ਸੰਸਥਾ ਨੂੰ ਭੇਜੇ ਜਾਣਗੇ। ਵਿਦਿਆਰਥੀ ਨੂੰ ਪਰਮਾਨੈਂਟ ਆਈ.ਡੀ. ਮਿਲੇਗੀ, ਜਿਸ ਨੂੰ ਉਹ ਭਵਿੱਖ ਵਿੱਚ ਲਿਖਾ-ਪੜ੍ਹੀ ਕਰਨ ਲਈ ਆਪਣੇ ਪਾਸ ਰੱਖੇਗਾ। ਵਿਦਿਆਰਥੀ ਦਰਖਾਸਤ ਦੇਣ ਸਮੇਂ ਲੋੜੀਂਦੇ ਸਕੈਨਡ ਦਸਤਾਵੇਜ ਅਪ-ਲੋਡ ਕਰਨਗੇ।

ਅ) ਸਬੰਧਤ ਸਕੂਲ/ਕਾਲਜ/ਸੰਸਥਾ ਦਰਖਾਸਤਾਂ ਨੂੰ ਸਕਰੂਟਿਨੀ ਕਰਕੇ ਉਸ ਹੀ ਵੈਬ-ਸਾਈਟ ਦੇ ਲਾਗ-ਇਨ ਵਿੱਚ ਉਸ ਨੂੰ ਦਿੱਤੇ ਹੋਏ ਯੂਜ਼ਰ ਆਈ.ਡੀ. ਅਤੇ ਪਾਸਵਰਡ (ਜੋ ਉਸ ਨੂੰ ਭਲਾਈ ਵਿਭਾਗ ਵਲੋਂ ਪਹਿਲਾਂ ਹੀ ਦਿੱਤਾ ਹੋਇਆ ਹੈ) ਨਾਲ ਆਨ-ਲਾਈਨ ਭੇਜੇਗਾ।

ਨੋਟ:- 1) ਗਜਟ ਨੋਟੀਫਿਕੇਸ਼ਨ - ਐਸ.ਓ. 1284 (ਈ) (ਨੰ. 1137) ਮਿਤੀ 21.●4.2●17 ਅਨੁਸਾਰ ਯੋਗ ਉਮੀਦਵਾਰਾਂ ਨੂੰ ਆਧਾਰ ਨੰਬਰ ਭਰਨਾ ਜਰੂਰੀ ਹੈ ਅਤੇ ਅਧਾਰ ਨੰਬਰ ਨਾ ਹੋਣ ਦੀ ਸੂਰਤ ਵਿੱਚ ਵਿਕਲਪਿਕ ਪਛਾਣ ਪੱਤਰ ਦਸਤਾਵੇਜ ਦਾ ਵੇਰਵਾ ਦਿੱਤਾ ਜਾਣਾ ਜਰੂਰੀ ਹੈ।

2) ਵਿਦਿਆਰਥੀਆਂ/ਸੰਸਥਾਵਾਂ ਨੂੰ **<u>ਐਫ.ਏ.ਕਿਊਜ ਅਤੇ ਸੰਸਥਾਵਾਂ ਲਈ ਸੂਚਨਾ</u>** ਜੋ ਕਿ ਵੈਬ-ਸਾਈਟ ਦੇ ਹੋਮ-ਪੇਜ ਤੇ ਉਪਲਬੱਧ ਹੈ, ਨੂੰ ਆਨ-ਲਾਈਨ ਅਪਲਾਈ ਕਰਨ ਅਤੇ ਸੰਸਥਾ ਵਲੋਂ ਸਕਰੂਟਿਨੀ ਕਰਨ ਸਮੇਂ ਧਿਆਨ ਨਾਲ ਪੜ੍ਹਨ ਦੀ ਸਲਾਹ ਦਿੱਤੀ ਜਾਂਦੀ ਹੈ।

3) ਸੰਸਥਾਵਾਂ ਇਹ ਯਕੀਨੀ ਬਨਾਉਣਗੇ ਕਿ ਉਹ ਆਨ-ਲਾਈਨ ਦਰਖਾਸਤਾਂ ਹੀ ਭਲਾਈ ਵਿਭਾਗ ਨੂੰ ਫਾਰਵਰਡ ਕੀਤੀਆਂ ਹਨ, ਜਿਨ੍ਹਾਂ ਨੂੰ ਵਿਦਿਆਰਥੀਆਂ ਵਲੋਂ ਦਸਤਾਵੇਜਾਂ ਦੀਆਂ ਕਾਪੀਆਂ ਸਮੇਤ ਤਸਦੀਕ ਕੀਤਾ ਹੋਇਆ ਹੈ।

4) ਮੈਨੂਅਲ ਦਰਖਾਸਤਾਂ ਤੇ ਵਿਚਾਰ ਨਹੀਂ ਕੀਤੀ ਜਾਵੇਗੀ।

5) ਭਾਰਤ ਸਰਕਾਰ ਵੱਲੋਂ ਪ੍ਰਵਾਨਤ ਵਿਦਿਆਰਥੀਆਂ ਨੂੰ ਵਜੀਫੇ ਦੀ ਅਦਾਇਗੀ ਡੀ.ਬੀ.ਟੀ (ਡਾਇਰੈਕਟ ਬੈਨੀਫਿਟ ਟਰਾਂਸਫਰ) ਮੋਡ ਰਾਹੀਂ ਸਿੱਧੇ ਵਿਦਿਆਰਥੀਆਂ ਦੇ ਬੈਂਕ ਖਾਤੇ ਵਿੱਚ ਕੀਤੀ ਜਾਵੇਗੀ।

ਵਧੇਰੇ ਜਾਣਕਾਰੀ ਅਤੇ ਐਪਲੀਕੇਸ਼ਨ ਫਾਰਮ ਡਾਊਨ-ਲੋਡ ਕਰਨ ਵਾਸਤੇ:- ਕਿਊਰੀਜ/ਕਲੈਰੀਫਿਕੇਸ਼ਨ ਲਈ ਵੈਬ-ਸਾਈਟ www.minorityaffairs.gov.in. ਅਤੇ ਨਵੀਆਂ ਰਜਿਸਟ੍ਰੇਸ਼ਨਜ ਲਈ ਈ-ਮੇਲ ਆਈ.ਡੀ. postmatricpunjab@gmail.com ਜਾਂ ਟੋਲ ਫਰੀ ਨੰ: 18●●-137-●●15 ਤੇ ਸੰਪਰਕ ਕੀਤਾ ਜਾ ਸਕਦਾ ਹੈ।